# 47

# ‘‘ਅਸਾਂ ਉਸ ਦਾ ਤੇਜ ਡਿੱਠਾ’’

## ਮੱਤੀ 17:1-8; ਮਰਕੁਸ 9:2-8; ਲੂਕਾ 9:28-36, ਇਕ ਨੇੜੇ ਝਾਤ

ਤਿੰਨ ਵਰ੍ਹਿਆਂ ਤਕ ਯਿਸੂ ਦੇ ਨਾਲ ਰਹਿਣ ਵਾਲੇ ਚੇਲਿਆਂ ਵਿੱਚੋਂ ਇਕ ਹੋਣ ਦੀ ਕਲਪਨਾ ਕਰੋ। ਉਨ੍ਹਾਂ ਸਭ ਅਦਭੁਤ ਨਜ਼ਾਰਿਆਂ ਤੇ ਵਿਚਾਰ ਕਰੋ ਜਿਹੜੇ ਤੁਸਾਂ ਚੇਲਿਆਂ ਦੇ ਰੂਪ ਵਿਚ ਵੇਖੇ ਹੋਣਗੇ: ਪੰਜ ਹਜ਼ਾਰ ਨੂੰ ਰਜਾਉਣਾ, ਯਿਸੂ ਦਾ ਪਾਣੀ ਤੇ ਚੱਲਣਾ, ਤੂਫ਼ਾਨ ਨੂੰ ਥੰਮ੍ਹਣਾ, ਮੁਰਦਿਆਂ ਨੂੰ ਜ਼ਿੰਦਾ ਕਰਨਾ। ਹੁਣ ਤੁਸੀਂ ਆਪਣੇ ਆਪ ਤੋਂ ਪੁੱਛੋ, ‘‘ਜੋ ਕੁਝ ਮੈਂ ਵੇਖਿਆ ਹੈ, ਉਸ ਵਿੱਚੋਂ ਸਭ ਤੋਂ ਵੱਧ ਮੈਂ ਕਿਸ ਕੰਮ ਤੋਂ ਪ੍ਰਭਾਵਿਤ ਹੋਇਆ ਹਾਂ?’’ ਤੁਹਾਡਾ ਤਾਂ ਪਤਾ ਨਹੀਂ ਕਿ ਇਸ ਸਵਾਲ ਦਾ ਜਵਾਬ ਕੀ ਦਿਓਗੇ, ਪਰ ਰੂਪ ਬਦਲਣ ਦੀ ਖ਼ਾਸ ਘਟਨਾ ਨੇ ਚੇਲਿਆਂ ਤੇ ਜਿਨ੍ਹਾਂ ਨੂੰ ਇਹ ਵੇਖਣਾ ਨਸੀਬ ਹੋਇਆ ਸੀ, ਖ਼ਾਸ ਪ੍ਰਭਾਵ ਪਿਆ ਸੀ। ਬਾਅਦ ਵਿਚ ਉੱਥੇ ਮੌਜੂਦ ਚੇਲਿਆਂ ਵਿੱਚੋਂ ਇਕ ਨੇ ਕਿਹਾ ਸੀ:

> ਅਸਾਂ ... ਉਹ ਦੀ ਮਹਾਨਤਾ ਨੂੰ ਆਪਣੀ ਅੱਖੀਂ ਵੇਖ ਕੇ ਕੀਤਾ। ਕਿਉਂ ਜੋ ਉਹ ਨੂੰ ਪਿਤਾ ਪਰਮੇਸ਼ੁਰ ਕੋਲੋਂ ਆਦਰ ਅਤੇ ਵਡਿਆਈ ਮਿਲੀ ਸੀ ਜਿਸ ਵੇਲੇ ਓਸ ਡਾਢੇ ਭੜਕ ਵਾਲੇ ਤੇਜ ਤੋਂ ਉਹ ਨੂੰ ਇਹ ਸ਼ਬਦ ਆਇਆ ਭਈ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿੱਤਰ ਪਹਾੜ ਉੱਤੇ ਉਹ ਦੇ ਨਾਲ ਸਾਂ ਤਾਂ ਅਕਾਸ਼ੋਂ ਆਉਂਦਾ ਸੁਣਿਆ (2 ਪਤਰਸ 1:16–18)।

ਇਕ ਹੋਰ ਨੇ ਜਿਹੜਾ ਉੱਥੇ ਸੀ, ਲਿਖਿਆ:

> ਆਦਿ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ (ਯੂਹੰਨਾ 1:1)।
>
> ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ (ਯੂਹੰਨਾ 1:14)।

ਲੇਖਕ ਦੇ ਮਨ ਵਿਚ ਰੂਪ ਬਦਲਣ ਦੀ ਗੱਲ ਨਾਲੋਂ ਵੱਧ ਹੋਵੇਗਾ (ਵੇਖੋ ਯੂਹੰਨਾ 2:11), ਬਲਕਿ ਇਸ ਵਾਕ ਵਿਚ ਉਹ ਅਭੁੱਲ ਘਟਨਾ ਵੀ ਸੀ ਕਿ ‘‘ਅਸਾਂ ਉਸ ਦਾ ਤੇਜ ਡਿੱਠਾ’’ (ਵੇਖੋ ਲੂਕਾ 9:31, 32)।

ਪ੍ਰਭੂ ਦੇ ਰੂਪ ਬਦਲਣ ਦਾ ਅਧਿਐਨ ਕਰਦਿਆਂ,[1] ਵਚਨ ਦਾ ਸਾਡਾ ਮੁੱਖ ਪਾਠ ਮੱਤੀ 17 ਅਧਿਆਇ ਹੋਵੇਗਾ; ਪਰ ਹੋਰ ਵੇਰਵਿਆਂ ਲਈ ਅਸੀਂ ਮਰਕੁਸ 9 ਅਤੇ ਲੂਕਾ 9 ਵਿਚ ਵੀ ਜਾਵਾਂਗੇ। ਖ਼ੁਦਾ ਕਰੇ ਕਿ ਇਸ ਪੇਸ਼ਕਸ਼ ਨਾਲ ਸਾਡੇ ਵਿੱਚੋਂ ਹਰੇਕ ਨੂੰ ‘‘ਉਸ ਦਾ ਤੇਜ’’ ਵੇਖਣ ਵਿਚ ਮਦਦ ਮਿਲੇ।

## ਅਹਿਮ ਘਟਨਾ (ਮੱਤੀ 17:1, 2; ਮਰਕੁਸ 9:2, 3; ਲੂਕਾ 9:28, 29)

ਅਗਲੀ ਆਇਤ ਸ਼ੁਰੂ ਹੁੰਦੀ ਹੈ, ''ਛਿਆਂ ਦਿਨਾਂ ਪਿੱਛੋਂ, ਯਿਸੂ ਪਤਰਸ ਅਤੇ ਉਸ ਦੇ ਭਾਈ ਯੂਹੰਨਾ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਇਕ ਉੱਚੇ ਪਹਾੜ ਤੇ ਵੱਖਰਾ ਲੈ ਗਿਆ'' (ਮੱਤੀ 17:1)।[2] ਛੇ ਦਿਨ ਪਹਿਲਾਂ ਕੀ ਹੋਇਆ ਸੀ?

ਕਰੀਬ ਇਕ ਹਫ਼ਤਾ ਪਹਿਲਾਂ, ਪਤਰਸ ਨੇ ਚੰਗਾ ਇਕਰਾਰ ਕੀਤਾ ਸੀ ਅਤੇ ਮਸੀਹ ਨੇ ਆਪਣੀ ਕਲੀਸੀਆ ਬਣਾਉਣ ਦਾ ਵਾਅਦਾ ਕੀਤਾ ਸੀ (ਮੱਤੀ 16:16, 18)।[3] ਉਸ ਵੇਲੇ ਉਸ ਨੇ ਇਹ ਪਰਗਟ ਕੀਤਾ ਸੀ ਕਿ ਉਸ ਵਾਅਦੇ ਨੂੰ ਪੂਰਾ ਕਰਨ ਲਈ ਉਸ ਦਾ ਮਰਨਾ ਲਾਜ਼ਮੀ ਸੀ: ''ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਜ਼ਰੂਰ ਹੈ ਜੋ ਮੈਂ ਯਰੂਸ਼ਲਮ ਨੂੰ ਜਾਵਾਂ ਅਤੇ ਬਜ਼ੁਰਗਾਂ ਅਤੇ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ...'' (ਮੱਤੀ 16:21)। ਯਰੂਸ਼ਲਮ ਵਿਚ ਇਕ ਦੁਨਿਆਵੀ ਰਾਜ ਕਾਇਮ ਕਰਨ ਲਈ ਜਾਣ ਦੀ ਥਾਂ ਜਿਵੇਂ ਕਿ ਉਸ ਦੇ ਚੇਲਿਆਂ ਨੂੰ ਲੱਗਾ ਸੀ ਕਿ ਉਹ ਕਰੇਗਾ, ਉਸਨੇ ਉੱਥੇ ਮਰਨ ਜਾਣਾ ਸੀ।

ਚੇਲਿਆਂ ਨੂੰ ਮਸੀਹ ਦੀਆਂ ਗੱਲਾਂ ਸਮਝ ਨਹੀਂ ਆਈਆਂ, ਕਿਉਂਕਿ ਮਸੀਹਾ ਦੇ ਮਰਨ ਦੀ ਗੱਲ ਰਾਜ ਦੀਆਂ ਉਨ੍ਹਾਂ ਦੀਆਂ ਧਾਰਨਾਵਾਂ ਨਾਲ ਮੇਲ ਨਹੀਂ ਖਾਂਦੀ ਸੀ। ''ਇਸ ਤੇ ਪਤਰਸ *[ਯਿਸੂ ਨੂੰ]* ਵੱਖਰਾ ਲਿਜਾ ਕੇ ਝਿੜਕਣ ਲੱਗਾ, ਪ੍ਰਭੂ ਜੀ, ਪਰਮੇਸ਼ੁਰ ਇਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ'' (ਮੱਤੀ 16:22)। ਮਸੀਹ ਨੇ ਪਤਰਸ ਨੂੰ ਅਤੇ ਬਾਕੀ ਸਭ ਚੇਲਿਆਂ ਨੂੰ ਝਿੜਕਿਆ (ਮੱਤੀ 16:23–27; ਵੇਖੋ ਮਰਕੁਸ 8:38; ਲੂਕਾ 9:26)।

ਛਿਆਂ ਦਿਨਾਂ ਦੇ ਲੰਮੇ ਵਕਫ਼ੇ ਤਕ ਯਿਸੂ ਅਤੇ ਉਸਦੇ ਚੇਲਿਆਂ ਵਿਚ ਪਾਏ ਜਾਣ ਵਾਲੇ ਤਣਾਅ ਦੀ ਕਲਪਨਾ ਕਰੋ। ਅਜਿਹਾ ਕੋਈ ਲਿਖਤੀ ਰਿਕਾਰਡ ਨਹੀਂ ਹੈ ਕਿ ਉਨ੍ਹਾਂ ਦਿਨਾਂ ਵਿਚ ਕੀ ਘਟਨਾ ਘਟੀ ਸੀ। ਅਖ਼ੀਰ ਛਿਆਂ ਦਿਨਾਂ ਪਿੱਛੋਂ, ਯਿਸੂ ਬੜਬੋਲੇ ਪਤਰਸ ਸਮੇਤ, ਤਿੰਨ ਚੇਲਿਆਂ ਨੂੰ ''ਕਿਸੇ ਉੱਚੇ ਪਹਾੜ'' ਤੇ ਲੈ ਗਿਆ।

ਇਹ ਨਹੀਂ ਦੱਸਿਆ ਗਿਆ ਕਿ ਯਿਸੂ ਉਨ੍ਹਾਂ ਚੇਲਿਆਂ ਨੂੰ ਕਿਉਂ ਲੈ ਗਿਆ; ਪਰ ਕਈ ਵਾਰ ਉਹ ਉਨ੍ਹਾਂ ਨੂੰ ਦੂਜੇ ਚੇਲਿਆਂ ਨਾਲੋਂ ਅੱਡ ਕਰਦਾ ਸੀ (ਮਰਕੁਸ 5:37; 9:2; 14:33)। ਹੋ ਸਕਦਾ ਹੈ ਕਿ ਉਹ ਉਨ੍ਹਾਂ ਨੂੰ ਇਸ ਲਈ ਲੈ ਗਿਆ ਹੋਵੇ, ਕਿਉਂਕਿ ਉਸ ਨੂੰ ਪਤਾ ਸੀ ਕਿ ਉਨ੍ਹਾਂ ਦੇ ਰਾਹੀਂ ਉਸ ਖ਼ਾਸ ਬੇੜੀ ਤੇ ਪਹੁੰਚ ਸਕਦਾ ਹੈ।[4] ਇਹ ਵੀ ਸੰਭਵ ਹੈ ਕਿ ਸਾਡੇ ਵਾਂਗ ਆਦਮੀ ਹੋਣ ਕਾਰਣ ਯਿਸੂ ਨੂੰ ਖ਼ਾਸ ਦੋਸਤਾਂ ਦੀ ਲੋੜ ਨਾ ਹੋਵੇ। ਯੂਹੰਨਾ, ਜਿਹੜਾ ਉਨ੍ਹਾਂ ਵਿੱਚੋਂ ਇਕ ਸੀ, ਨੂੰ '' ... ਜਿਹ ਨੂੰ ਯਿਸੂ ਪਿਆਰ ਕਰਦਾ ਸੀ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ (ਯੂਹੰਨਾ 21:20; ਵੇਖੋ 13:23; 19:26; 20:2)।

ਇਹ ਵੀ ਨਹੀਂ ਦੱਸਿਆ ਗਿਆ ਕਿ ਉਹ ਕਿਸ ਪਹਾੜ ਤੇ ਚੜ੍ਹੇ।[5] ਬਾਈਬਲ ਤੋਂ ਬਾਹਰੀ ਰਵਾਇਤ ਮੁਤਾਬਿਕ ਉਹ ਗਲੀਲ ਤੋਂ ਬਾਹਰ ਤਾਬੋਰ ਪਹਾੜ ਸੀ, ਪਰ ਬਹੁਤੀ ਸੰਭਾਵਨਾ ਹਰਮੋਨ ਪਹਾੜ ਦੀ ਹੈ, ਜੋ ਉੱਥੋਂ ਬਹੁਤਾ ਦੂਰ ਨਹੀਂ ਸੀ, ਜਿੱਥੇ ਪਤਰਸ ਨੇ ਚੰਗਾ ਇਕਰਾਰ ਕੀਤਾ ਸੀ।[6] ਹਰਮੋਨ ਪਹਾੜ ਫ਼ਲਿਸਤੀਨ ਵਿਚ ਸਭ ਤੋਂ ਉੱਚਾ ਹੈ; ਇਸ ਦੀਆਂ ''ਬਰਫ਼ ਨਾਲ ਕੱਜੀਆਂ ਚੋਟੀਆਂ ਘਾਟੀ ਤੋਂ ਦਸ ਕੁ ਹਜ਼ਾਰ ਫੁੱਟ ਉੱਪਰ'' ਹੋ ਜਾਂਦੀਆਂ ਹਨ।[7]

ਪਹਾੜ ਤੇ ਯਿਸੂ ਦੇ ਜਾਣ ਦਾ ਕਾਰਣ ਰੂਪ ਬਦਲਣਾ ਨਹੀਂ, ਸਗੋਂ ਆਪਣੇ ਪਿਤਾ ਨਾਲ ਗੱਲ ਕਰਨਾ ਸੀ। ਲੂਕਾ ਨੇ ਲਿਖਿਆ ਹੈ, ''ਉਹ ਪਤਰਸ ਅਰ ਯੂਹੰਨਾ ਅਰ ਯਾਕੂਬ ਨੂੰ ਨਾਲ ਲੈ ਕੇ ਪਹਾੜ ਉੱਤੇ ਪ੍ਰਾਰਥਨਾ ਕਰਨ ਚੜ੍ਹਿਆ'' (ਲੂਕਾ 9:28)। ਹੋ ਸਕਦਾ ਹੈ ਉਹ ਚੇਲਿਆਂ ਦੀ ਦੁਆਈਆ ਜ਼ਿੰਦਗੀ ਵਿਚ ਸੁਧਾਰ ਲਿਆਉਣਾ ਚਾਹੁੰਦਾ ਸੀ– ਪਰ ਜਿਵੇਂ ਆਮ ਤੌਰ ਤੇ ਹੁੰਦਾ ਸੀ, ਪ੍ਰਾਰਥਨਾ ਦੌਰਾਨ ਉਹ ਸੌਂ ਗਏ (ਲੂਕਾ 9:32; ਵੇਖੋ ਮੱਤੀ 26:40, 43, 45)।

ਫਿਰ ਅਚਾਨਕ ''ਉਹ ਦੇ ਪ੍ਰਾਰਥਨਾ ਕਰਦਿਆਂ ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ''

(ਲੂਕਾ 9:29; ਮੱਤੀ 17:2)। ਯੂਨਾਨੀ ਸ਼ਬਦ ਦਾ ਅਨੁਵਾਦ ''ਰੂਪ ਹੋਰ ਹੀ ਹੋ ਗਿਆ'' ਉਹੀ ਸ਼ਬਦ ਹੈ, ਜਿਸ ਤੋਂ ਸਾਨੂੰ ''ਕਾਇਆ ਪਲਟ'' ਸ਼ਬਦ ਮਿਲਦਾ ਹੈ; ਜਿਸ ਵਿਚ ਪੂਰੀ ਤਰ੍ਹਾਂ ਨਾਲ ਬਦਲਣ ਦਾ ਸੰਕੇਤ ਹੈ।[8] ਉਸ ਰੂਪ ਬਦਲਣ ਦੀ ਸ਼ਾਨ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ। ਇੰਜੀਲ ਦੇ ਵਿਰਤਾਂਤ ਦੇ ਲੇਖਕਾਂ ਨੇ ਤੁਲਨਾਤਮਕ ਸ਼ਬਦਾਂ ਦੀ ਵਰਤੋਂ ਕਰਦਿਆਂ ਉਸ ਦੇ ਪ੍ਰਭਾਵ ਦਾ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਹੈ।

> ਅਤੇ ਉਹ ਦਾ ਰੂਪ ਉਨ੍ਹਾਂ ਦੇ ਸਾਹਮਣੇ ਬਦਲ ਗਿਆ ਅਰ ਉਹ ਦਾ ਮੂੰਹ ਸੂਰਜ ਵਾਂਙੁ ਚਮਕਿਆ ਅਤੇ ਉਹ ਦੇ ਕੱਪੜੇ ਚਾਨਣ ਜੇਹੇ ਚਿੱਟੇ ਹੋ ਗਏ (ਮੱਤੀ 17:2)।
> ... ਅਰ ਉਹ ਦੇ ਕੱਪੜੇ ਚਮਕਣ ਲੱਗੇ ਅਰ ਅਜਿਹੇ ਡਾਢੇ ਚਿੱਟੇ ਹੋ ਗਏ ਕਿ ਜਗਤ ਵਿਚ ਕੋਈ ਛੀਂਬਾ ਓਹੋ ਜਿਹੇ ਚਿੱਟੇ ਨਹੀਂ ਕਰ ਸਕਦਾ[9] (ਮਰਕੁਸ 9:3)।
> ਅਰ ... ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ ਅਤੇ ਉਹ ਦੀ ਪੁਸ਼ਾਕ ਚਿੱਟੀ ਅਤੇ ਚਮਕੀਲੀ ਹੋ ਗਈ (ਲੂਕਾ 9:29)।

ਇੱਥੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਇੰਜ ਵਿਖਾਇਆ ਜਾ ਸਕਦਾ ਹੈ: ਯਿਸੂ ਦੇਹ ਧਾਰੀ ਹੋਇਆ ਖ਼ੁਦਾ ਸੀ (ਮੱਤੀ 1:23), ਪਰ ਧਰਤੀ ਤੇ ਰਹਿੰਦੇ ਸਮੇਂ, ਬਹੁਤੇ ਲੋਕਾਂ ਨੇ ਉਸ ਦਾ ਮਨੁੱਖੀ ਰੂਪ ਹੀ ਵੇਖਿਆ ਸੀ। ਪਰ ਇਸ ਖ਼ਾਸ ਮੌਕੇ ਉਸ ਦੇ ਮਨੁੱਖ ਹੋਣ ਦੇ ਰਾਹੀਂ ਉਸ ਦੀ ਖ਼ੁਦਾਈ ਦੀ ਚਮਕ ਵਿਖੀ। ਪਰ ਯਾਕੂਬ ਅਤੇ ਯੂਹੰਨਾ ਨੂੰ ਉਸ ਦੀ ਖ਼ੁਦਾਈ ਦੀ ਝਲਕ ਮਿਲੀ ਸੀ, ਜਿਹੜੀ ਬਹੁਤ ਘੱਟ ਨਸੀਬ ਹੁੰਦੀ ਹੈ।[10]

## ਪ੍ਰਭਾਵਸ਼ਾਲੀ ਮੰਸ਼ਾ
## (ਮੱਤੀ 17:3-8; ਮਰਕੁਸ 9:4-8; ਲੂਕਾ 9:30-36)

ਅਧਿਐਨ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਪੁੱਛਣਾ ਚਾਹੁੰਦੇ ਹਾਂ, ''ਯਿਸੂ ਦੇ ਰੂਪ ਬਦਲਣ ਦਾ ਮਕਸਦ ਕੀ ਸੀ?'' ਮੈਂ ਇਸ ਵਿਲੱਖਣ ਘਟਨਾ ਦੇ ਚਾਰ ਸੰਭਵ ਕਾਰਣ ਸੁਝਾਉਂਦਾ ਹਾਂ।

### ਮਨੁੱਖਤਾ ਨੂੰ ਆਦਰ ਬਖਸ਼ਿਆ ਗਿਆ

ਮਸੀਹ ਦੇ ਜੀਵਨ ਵਿਚ ਸਮੇਂ ਸਮੇਂ, ਨਾਟਕੀ ਘਟਨਾਵਾਂ ਤੋਂ ਅਤੀਤ ਵਿਚ ਆਦਰ ਦਿੱਤਾ ਗਿਆ ਅਤੇ ਭਵਿੱਖ ਲਈ ਰਾਹ ਤਿਆਰ ਕੀਤਾ ਗਿਆ। ਉਸ ਦਾ ਬਪਤਿਸਮਾ ਵੀ ਅਜਿਹੀ ਇਕ ਘਟਨਾ ਸੀ। ਉਸ ਸਮੇਂ ਖ਼ੁਦਾ ਨੇ ਯਿਸੂ ਨੂੰ ਤਿਆਰੀ ਦੇ ਤੀਹ ਵਰ੍ਹਿਆਂ ਦੀ ਇਜਾਜ਼ਤ ਦਾ ਐਲਾਨ ਕੀਤਾ ਅਤੇ ਮਸੀਹ ਦੀ ਜਨਤਕ ਸੇਵਕਾਈ ਦੇ ਤਿਨ ਵਰ੍ਹਿਆਂ ਦੀ ਮੰਜ਼ੂਰੀ ਦੀ ਤਿਆਰੀ ਲਈ ਪਵਿੱਤਰ ਆਤਮਾ ਉਸ ਤੇ ਉੱਤਰਿਆ (ਮੱਤੀ 3:16, 17)। ਰੂਪ ਬਦਲਣਾ ਅਜਿਹੀ ਹੀ ਇਕ ਹੋਰ ਘਟਨਾ ਸੀ। ਉਸ ਮੌਕੇ ਤੇ ਖ਼ੁਦਾ ਨੇ ਯਿਸੂ ਦੀ ਤਿਆਰੀ ਦੇ ਵਰ੍ਹਿਆਂ ਤੇ ਹੀ ਨਹੀਂ, ਬਲਕਿ ਉਸਦੀ ਸੇਵਕਾਈ ਤੇ ਵੀ, ''ਮੰਜ਼ੂਰੀ'' ਦੀ ਮੋਹਰ ਲਾਈ (ਮੱਤੀ 17:5)।

ਮਸੀਹ ਉਹੀ ਸੀ, ਜਿਸਦੀ ਪਰਮੇਸ਼ੁਰ ਨੇ ਧਰਤੀ ਤੇ ਮਨੁੱਖ ਨੂੰ ਰੱਖਣ ਸਮੇਂ ਮਨੁੱਖ ਜਾਤੀ ਦੇ ਨਾਲ ਹੋਣ ਦੀ ਇੱਛਾ ਕੀਤੀ ਸੀ। ਲੋਕਾਂ ਨੇ ਪਾਪ ਕੀਤਾ ਸੀ (ਉਤਪਤ 3:5; ਰੋਮੀਆਂ 3:23), ਪਰ ਯਿਸੂ ਨੇ ਨਹੀਂ (ਇਬਰਾਨੀਆਂ 4:15)। ਰੂਪ ਬਦਲਣ ਵੇਲੇ, ਮਸੀਹ ਉਸੇ ਹਾਲਾਤ ਵਿਚ, ਜਿਵੇਂ ਉਹ ਸੀ, ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਜਾ ਸਕਦਾ ਸੀ– ਜੇ ਉਸ ਦੇ ਆਉਣ ਦਾ ਕੋਈ ਕਾਰਣ ਨਾ ਹੁੰਦਾ। ਯਕੀਨਨ, ਕੋਈ ਹੋਰ ਕਾਰਣ ਸੀ, ਜਿਸ ਨਾਲ ਰੂਪ ਬਦਲਣ ਦੇ ਦੂਜੇ ਕਾਰਣ ਬਾਰੇ ਪਤਾ ਲਗਦਾ ਹੈ।

**‘‘ਕੂਚ’’ ਦੀ ਤਸਦੀਕ ਹੋਈ**

ਲੂਕਾ ਨੇ ਲਿਖਿਆ ਹੈ, ‘‘ਪਤਰਸ ਅਤੇ ਉਹ ਦੇ ਸਾਥੀ ਨੀਂਦਰ ਨਾਲ ਸੁਸਤ ਹੋ ਗਏ ਸਨ ਪਰ ਉਨ੍ਹਾਂ ਨੇ ਜਾਗਦਿਆਂ ਉਹ ਦੇ ਤੇਜ ਅਤੇ ਉਨ੍ਹਾਂ ਦੋਹਾਂ ਜਣਿਆਂ ਨੂੰ ਜਿਹੜੇ ਉਹ ਦੇ ਨਾਲ ਖੜੇ ਸਨ ਡਿੱਠਾ’’ (ਲੂਕਾ 9:32)। ਲੇਖਕ ਸਾਨੂੰ ਸਮਝਾਉਣਾ ਚਾਹੁੰਦਾ ਸੀ ਕਿ ਪਤਰਸ, ਯਾਕੂਬ ਅਤੇ ਯੂਹੰਨਾ ਨੇ ਸੁਪਨਾ ਨਹੀਂ ਵੇਖਿਆ ਸੀ; ਯਿਸੂ ਦਾ ਜਲਾਲੀ ਰੂਪ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ।

ਛੇਤੀ ਹੀ ਉਨ੍ਹਾਂ ਹੋਰ ਹੈਰਾਨ ਹੋਣਾ ਸੀ: ‘‘ਅਰ ਵੇਖੋ, ਦੋ ਮਨੁੱਖ ਅਰਥਾਤ ਮੂਸਾ ਅਤੇ ਏਲੀਯਾਹ ਉਸ *[ਮਸੀਹ]* ਨਾਲ ਗੱਲਾਂ ਕਰਦੇ ਸਨ’’[11] (ਲੂਕਾ 9:30)।[12] ਮੂਸਾ ਅਤੇ ਏਲੀਯਾਹ ਯਹੂਦੀ ਵਿਸ਼ਵਾਸ ਦੇ ਦੋ ਸਭ ਤੋਂ ਵੱਡੇ ਨਾਇਕ ਸਨ (ਇਬਰਾਨੀਆਂ 11:23–29; ਯਾਕੂਬ 5:17)। ਪਤਰਸ, ਯਾਕੂਬ ਅਤੇ ਯੂਹੰਨਾ ਨੇ ਆਪਣੇ ਬਜ਼ੁਰਗਾਂ ਤੋਂ ਉਨ੍ਹਾਂ ਦੀਆਂ ਕਹਾਣੀਆਂ ਸੁਣੀਆਂ ਹੋਣਗੀਆਂ। ਉਨ੍ਹਾਂ ਨੇ ਰੱਬੀਆਂ ਦੇ ਮੂੰਹੋਂ ਉਨ੍ਹਾਂ ਦੀ ਤਾਰੀਫ਼ ਸੁਣੀ ਹੋਵੇਗੀ। ਮੂਸਾ ਮਹਾਨ ਸ਼ਰ੍ਹਾ ਦਾ ਦੇਣ ਵਾਲਾ ਸੀ, ਜਦਕਿ ਏਲੀਯਾਹ ਲੋਕਾਂ ਨੂੰ ਵਿਸ਼ਵਾਸ ਦੀਆਂ ਗੱਲਾਂ ਵੱਲ ਲਿਜਾਣ ਵਾਲਾ ਸੀ।[13] ਅਸੀਂ ਇਹ ਨਹੀਂ ਜਾਣਦੇ ਕਿ ਰੂਪ ਬਦਲਣ ਦੇ ਪਹਾੜ ਤੇ ਪ੍ਰਭੂ ਨਾਲ ਖੜੇ ਹੋਣਾ ਇਨ੍ਹਾਂ ਦੋਹਾਂ ਨੂੰ ਕਿਉਂ ਨਸੀਬ ਹੋਇਆ। ਹੋ ਸਕਦਾ ਹੈ ਦੋਵੇਂ ਪੁਰਾਣੇ ਨੇਮ ਦੀਆਂ ਨਬੂਵਤਾਂ ਨਾਲ ਜੁੜੇ ਸਨ (ਵਿਵਸਥਾਸਾਰ 18:15; ਮਲਾਕੀ 4:5, 6)।[14]

ਯਿਸੂ, ਮੂਸਾ ਅਤੇ ਏਲੀਯਾਹ ਵਿਚ ਬਹੁਤ ਕੁਝ ਸਾਂਝਾ ਸੀ; ਬਹੁਤ ਸਾਰੇ ਵਿਸ਼ੇ ਸਨ, ਜਿਨ੍ਹਾਂ ਤੇ ਉਨ੍ਹਾਂ ਚਰਚਾ ਕੀਤੀ ਹੋਵੇਗੀ। ਮੂਸਾ ਨੂੰ ਵਾਅਦੇ ਦੇ ਦੇਸ਼ ਵਿਚ ਜਾਣ ਦੀ ਇਜਾਜ਼ਤ ਨਹੀਂ ਮਿਲੀ ਸੀ (ਗਿਣਤੀ 20:12), ਏਲੀਯਾਹ ਨੂੰ ਗਲੀਲ ਦੇ ਹਰੇ ਭਰੇ ਮੈਦਾਨਾਂ ਵਿਚ ਚੱਲੇ ਕਈ ਸਦੀਆਂ ਬੀਤ ਚੁੱਕੀਆਂ ਸਨ; ਉਨ੍ਹਾਂ ਨੂੰ ਯਿਸੂ ਨਾਲ ਉਸ ਦੇਸ਼ ਵਿਚ ਘੁੰਮਣ ਦੀਆਂ ਗੱਲਾਂ ਕਰਨ ਵਿਚ ਅਨੰਦ ਆਇਆ ਹੋਵੇਗਾ। ਤਿੰਨੇ ਅਗਵਾਈ ਕਰਨ ਵਿਚ ਆਉਣ ਵਾਲੀਆਂ ਅਜਮਾਇਸ਼ਾਂ ਤੋਂ ਵਾਕਫ਼ ਸਨ; ਉਨ੍ਹਾਂ ਨੇ ਛੋਟੀਆਂ–ਛੋਟੀਆਂ ਸਚਿਆਈਆਂ ਨੂੰ ਦੱਸਣ ਦੀ ਕੋਸ਼ਿਸ਼ ਕਰਨ ਵਿਚ ਆਉਣ ਵਾਲੀਆਂ ਦਿੱਕਤਾਂ ਤੇ ਚਰਚਾ ਕੀਤੀ ਹੋਵੇਗੀ।[15] ਪਰ ਉਨ੍ਹਾਂ ਦੀ ਚਰਚਾ ਇਹ ਜਾਂ ਇਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਗੱਲਾਂ ਬਾਰੇ ਨਹੀਂ ਸੀ।

ਲੂਕਾ ਮੁਤਾਬਿਕ, ਉਹ ‘‘*[ਮਸੀਹ]* ਦੀ ਮੌਤ[16] ਦੀ ਚਰਚਾ ਕਰ ਰਹੇ ਸਨ, ਜਿਹੜੀ ਯਰੂਸ਼ਲਮ ਵਿਚ ਹੋਣ ਵਾਲੀ ਸੀ’’ (ਲੂਕਾ 9:31)। ਅਨੁਵਾਦ ਹੋਇਆ ਸ਼ਬਦ ‘‘ਮੌਤ’’ ‘‘ਕੂਚ ਕਰਨ ਜਾਂ ਜਾਣ’’ ਲਈ ਹੈ। ‘‘ਜਾਣਾ’’ ‘‘ਕੂਚ’’ ਲਈ ਯੂਨਾਨੀ ਸ਼ਬਦ ਦਾ ਅਨੁਵਾਦ ਹੈ।[17] ‘‘ਕੂਚ’’ ‘‘ਬਾਹਰ’’ (*ek* ਜਾਂ *ex*) ਲਈ ਉਪਸਰਗ ਦੇ ਨਾਲ ‘‘ਸੜਕ’’ ਜਾਂ ‘‘ਰਾਹ’’ (*odos*) ਲਈ ਮਿਲਾਉਣ ਵਾਲੇ ਯੂਨਾਨੀ ਸ਼ਬਦ ਦਾ ਮਿਸ਼ਰਤ ਰੂਪ ਹੈ; ਇਸ ਦਾ ਮੂਲ ਅਰਥ ‘‘ਬਾਹਰ ਜਾਣ ਦਾ ਰਸਤਾ’’ ਹੈ। ਦਰਵਾਜ਼ਿਆਂ ਤੇ ਲਿਖੇ ਜਾ ਵਾਲੇ ‘‘Exit’’ ਸ਼ਬਦ ਤੇ ਵਿਚਾਰ ਕਰੋ। ਮਿਸਰ ਤੋਂ ਕੂਚ ਤੇ ਵਿਚਾਰ ਕਰੋ, ਜਿਸ ਵਿਚ ਇਸਰਾਏਲੀ ਲੋਕ ਵਾਅਦਾ ਕੀਤੇ ਦੇਸ਼ ਨੂੰ ਜਾਣ ਲਈ ਉਸ ਨੂੰ ਛੱਡ ਰਹੇ ਸਨ। ਲੂਕਾ 9 ਵਿਚ ‘‘ਮੌਤ’’ ਸ਼ਬਦ ਪ੍ਰਭੂ ਦੀ ਮੌਤ, ਜੀ ਉੱਠਣ ਅਤੇ ਜੀ ਉੱਠਣ ਦੇ ਆਲੇ–ਦੁਆਲੇ ਘੁੰਮਦਾ ਹੈ। ਤਸਵੀਰ ਦੇ ਰੂਪ ਵਿਚ ਇਹ ਮਸੀਹ ਦੇ ਗਲੀਲ ਅਤੇ ਅਖ਼ੀਰ ਇਸ ਸੰਸਾਰ ਤੋਂ ਕੂਚ ਦੀ ਗੱਲ ਕਰਦਾ ਹੈ।

ਤੁਹਾਨੂੰ ਕਿਉਂ ਲਗਦਾ ਹੈ ਕਿ ਮੂਸਾ ਅਤੇ ਏਲੀਯਾਹ ਦੇ ਦਿਲੋ ਦਿਮਾਗ ਵਿਚ ਯਿਸੂ ਦੇ ਸਲੀਬ ਚੜ੍ਹਨ ਦਾ ਵਿਸ਼ਾ ਛਾਇਆ ਹੋਇਆ ਸੀ? ਉਸ ਦਾ ਕਾਰਣ *ਪੇਸ਼ੇਵਰ* ਹੋਵੇਗਾ, ਕਿਉਂਕਿ ਨਬੂਵਤ ਦੇ ਉਨ੍ਹਾਂ ਦੇ ਵਰ੍ਹਿਆਂ ਵਿਚ ਓਸੇ ਘਟਨਾ ਵੱਲ ਧਿਆਨ ਦੁਆਇਆ ਗਿਆ ਸੀ। ਮੂਸਾ ਦੇ ਰਾਹੀਂ ਦਿੱਤੀ ਗਈ ਸ਼ਰ੍ਹਾ ਦਾ ਮਕਸਦ ਲੋਕਾਂ ਨੂੰ ਮਸੀਹ ਤਕ ਲਿਆਉਣਾ ਸੀ (ਗਲਾਤੀਆਂ 3:16, 19, 24, 25)। ਏਲੀਯਾਹ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੇ ਰਾਹੀਂ ਮਸੀਹ ਨੇ ਆਉਣਾ ਸੀ ਤਿਆਰ ਕਰਨ ਲਈ ਨਬੂਵਤ ਕਰਨ ਵਾਲੇ ਨਬੀਆਂ ਵਿੱਚੋਂ ਇਕ ਸੀ। ਨਬੀਆਂ ਮੁਤਾਬਿਕ ਮਸੀਹ/ਖ੍ਰਿਸਟੁਸ ਨੇ ਆਣ ਕੇ

ਲੋਕਾਂ ਵਾਸਤੇ ਮਰਨਾ ਸੀ (ਯਸਾਯਾਹ 53:4–6)।

ਪਰ, ਬਹੁਤੀ ਸੰਭਾਵਨਾ ਇਹ ਹੈ ਕਿ ਮੂਸਾ ਅਤੇ ਏਲੀਯਾਹ ਦੀ ਯਿਸੂ ਦੀ ਮੌਤ ਵਿਚ ਦਿਲਚਸਪੀ ਦਾ ਕਾਰਣ *ਨਿੱਜੀ* ਉਨ੍ਹਾਂ ਦੇ ਪਾਪਾਂ ਲਈ ਸੀ ਕਿ ਉਸ ਦੇ ਮਰੇ ਬਗੈਰ ਉਹ ਸੁਰਗ ਵਿਚ ਨਹੀਂ ਜਾ ਸਕਦੇ ਸਨ! ਪੁਰਾਣਾ ਨੇਮ ਲੋਕਾਂ ਦੇ ਮਾਫ਼ੀ ਪਾਉਣ ਦੀ ਗਲ ਹੈ, ਪਰ ਮਸੀਹ ਦੇ ਪਰਮ ਬਲੀਦਾਨ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਇਕ ਆਰਜ਼ੀ ਮਾਫ਼ੀ ਸੀ।[18] ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ ਕਿ ਯਿਸੂ ''ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ *ਇਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ [ਪੁਰਾਣੇ ਨੇਮ] ਦੇ ਅਪਰਾਧਾਂ ਤੋਂ ਛੁਡਾਉਂਦੀ ਹੈ* ਭਈ ਓਹ ਜਿਹੜੇ ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਅਦੇ ਨੂੰ ਪਰਾਪਤ ਕਰਨ'' (ਇਬਰਾਨੀਆਂ 9:15)। ਮੁੱਢਲੇ ਪ੍ਰਚਾਰਕਾਂ ਨੂੰ ਇਹ ਚੰਗਾ ਲਗਦਾ ਸੀ ਕਿ ''ਯਿਸੂ ਦਾ ਲਹੂ ਅੱਗੇ ਅਤੇ ਪਿੱਛੇ ਦੋਵੇਂ ਪਾਸੇ ਵਗਿਆ।''

ਇਸ ਕਾਰਣ ਮੂਸਾ ਤੇ ਏਲੀਯਾਹ ਦੀ ਮਸੀਹ ਦੀ ਮੌਤ ਵਿਚ ਦਿਲਚਸਪੀ ਆਪਣੇ ਹੀ ਹਿਤ ਲਈ ਸੀ। ਅਸੀਂ ਧਿਆਨ ਦਿੱਤਾ ਸੀ ਕਿ ਯਿਸੂ ਉਸ ਸਮੇਂ ਵੀ ਉਵੇਂ ਦਾ ਉਵੇਂ ਸੁਰਗ ਨੂੰ ਪਰਤ ਸਕਦਾ ਸੀ, ਪਰ ਜੇ ਉਹ ਪਰਤ ਜਾਂਦਾ, ਤਾਂ ਸੁਰਗ ਵਿਚ ਮਨੁੱਖੀ ਦੇਹ ਵਾਲਾ ਸਿਰਫ਼ ਉਹੀ ਹੁੰਦਾ। ਮੂਸਾ ਦੇ ਸੁਰਗ ਜਾਣ ਤੋਂ ਪਹਿਲਾਂ ਉਸ ਦਾ ਮਰਨਾ ਜ਼ਰੂਰੀ ਸੀ। ਏਲੀਯਾਹ ਦੇ ਸੁਰਗ ਜਾਣ ਤੋਂ ਪਹਿਲਾਂ ਉਸ ਦਾ ਮਰਨਾ ਲਾਜ਼ਮੀ ਸੀ! ਇਸ ਲਈ ਇਹ ਚਰਚਾ ਪੁਰਾਣੇ ਨੇਮ ਦੇ ਦੋ ਸਨਮਾਨਿਤ ਲੋਕਾਂ ਲਈ ਦਿਲਚਸਪੀ ਦਾ ਕਾਰਣ ਸੀ।

ਇਹ ਚਰਚਾ ਪ੍ਰਭੂ ਲਈ ਵੀ ਅਹਿਮ ਸੀ। ਉਸ ਦੇ ਚੇਲਿਆਂ ਨੇ ਉਸ ਨੂੰ ਸਲੀਬ ਚੜ੍ਹਨ ਤੋਂ ਨਿਰਾਸ਼ ਕਰਨ ਦੀ ਕੋਸ਼ਿਸ਼ ਕੀਤੀ (ਮੱਤੀ 16:22)। ਮੂਸਾ ਅਤੇ ਏਲੀਯਾਹ ਨੇ ਬੇਸ਼ੱਕ ਮਨੁੱਖ ਦੇ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਵਿਚ ਬਣੇ ਰਹਿਣ ਲਈ ਉਸ ਦੀ ਹੋਸਲਾਅਫ਼ਜ਼ਾਈ ਕੀਤੀ ਸੀ। ਇਸ ਲਈ ਯਿਸੂ ਦੇ ਰੂਪ ਬਦਲਣ ਨਾਲ ਸਿਰਫ਼ ਅਤੀਤ ਨੂੰ ਹੀ ਮਨਮਾਨ ਨਹੀਂ ਮਿਲਿਆ, ਬਲਕਿ ਭਵਿੱਖ ਲਈ ਭਾਵ ਸਲੀਬ ਚੜ੍ਹਨ ਲਈ ਯਿਸੂ ਦੀ ਤਿਆਰੀ ਵਿਚ ਵੀ ਸਹਾਇਕ ਹੋਈ।

**ਇਖ਼ਤਿਆਰ ਦਾ ਅਰਥ ਸਮਝਾਇਆ ਗਿਆ**

ਰੁਪ ਬਦਲਣ ਦੇ ਇਨ੍ਹਾਂ ਦੋ ਉਦੇਸ਼ਾਂ ਦੇ ਇਲਾਵਾ, ਕਾਰਣਾਂ ਦਾ ਜ਼ਿਕਰ ਕਰਨਾ ਵੀ ਲਾਜਮੀ ਹੈ। ਤੀਜਾ ਕਾਰਣ ਇਹ ਹੈ ਕਿ ਇਸ ਮੌਕੇ ਮਸੀਹ ਦੇ ਇਖ਼ਤਿਆਰ ਦਾ ਅਰਥ ਸਮਝਾਇਆ ਗਿਆ ਹੈ।

ਚੇਲੇ ਇਹ ਸਭ ਵੇਖ ਕੇ ਦੰਗ ਰਹਿ ਗਏ (ਮਰਕੁਸ 9:6), ਪਰ ਡਰ ਕੇ ਜਾਂ ਬਿਨਾਂ ਡਰੇ ਪਤਰਸ *ਕੁਝ ਨਾ ਕੁਝ* ਬੋਲ ਦਿੰਦਾ ਸੀ।[19] ਉਹ ਉੱਠਿਆ, ''ਪ੍ਰਭੂ ਜੀ ਸਾਡਾ ਇੱਥੇ ਹੋਣਾ ਚੰਗਾ ਹੈ। ... ਮੈਂ ਇੱਥੇ ਤਿੰਨ ਡੇਰੇ ਬਣਾਵਾਂ; ਇਕ ਤੇਰੇ ਲਈ ਅਤੇ ਇਕ ਮੂਸਾ ਲਈ ਅਤੇ ਇਕ ਏਲੀਯਾਹ ਲਈ'' (ਮੱਤੀ 17:4)। ਮਰਕੁਸ ਨੇ ਕਿਹਾ ਕਿ ਪਤਰਸ ''ਨਹੀਂ ਜਾਣਦਾ ਸੀ, ਕਿ ਕੀ ਜਵਾਬ ਦੇਵੇ'' (ਮਰਕੁਸ 9:6), ਜਦ ਕਿ ਲੂਕਾ ਨੇ ਲਿਖਿਆ ਹੈ ਕਿ ''ਉਹ ਨਹੀਂ ਜਾਣਦਾ ਸੀ, ਕਿ ਕੀ ਕਹਿ ਰਿਹਾ ਹੈ (ਲੂਕਾ 9:33)। ਪਤਰਸ ਨੂੰ ਪਤਾ ਨਹੀਂ ਸੀ ਕਿ ਕੀ ਜਵਾਬ ਦੇਵੇ; ਅਤੇ ਕਹਿ ਚੁਕਣ ਦੇ ਬਾਅਦ, ਉਸ ਨੂੰ ਪਤਾ ਨਹੀਂ ਸੀ ਕਿ ਉਸ ਨੇ ਕੀ ਕਹਿ ਦਿੱਤਾ ਸੀ!

ਘਟਨਾ ਦੇ ਦ੍ਰਿਸ਼ ਦੀ ਗੱਲ ਕਰਦੇ ਹੋਏ ਪਤਰਸ ਨੂੰ ਪਤਾ ਨਹੀਂ ਸੀ ਕਿ ਉਹ ਕੀ ਕਹਿ ਰਿਹਾ ਸੀ: ''ਪ੍ਰਭੂ ਜੀ ਸਾਡਾ ਇੱਥੇ ਹੋਣਾ ਚੰਗਾ ਹੈ। ... ਮੈਂ ਇੱਥੇ ਤਿੰਨ ਡੇਰੇ ਬਣਾਵਾਂਗਾ।'' ਸਮਝ ਵਿਚ ਇਹ ਚੇਲਾ ਯਿਸੂ ਨੂੰ ਕਹਿ ਰਿਹਾ ਸੀ, ''ਮਸੀਹਾ ਦੇ ਰੂਪ ਵਿਚ ਤੇਰੇ ਬਾਰੇ ਮੇਰਾ ਇਹ ਵਿਚਾਰ ਸੀ! ਇਸ ਲਈ ਯਰੂਸ਼ਲਮ ਜਾਣ ਦੀ ਗੱਲ ਭੁੱਲ ਜਾਹ, ਜਿੱਥੇ ਮੌਤ ਤੇਰੀ ਉਡੀਕ ਕਰ ਰਹੀ ਹੈ। ਇਸੇ ਪਹਾੜ ਤੇ ਐਥੇ ਹੀ ਰਹਿੰਦੇ ਹਾਂ, ਇੱਥੇ ਮਹਿਮਾ ਤੇਰੇ ਤੇ ਛਾਇਆ ਕੀਤੀ ਹੋਈ ਹੈ।'' ਉਸ ਨੂੰ ਇਹ ਪਤਾ ਨਹੀਂ ਸੀ ਕਿ ਮਸੀਹ ਇੱਥੇ ਰਹਿੰਦਾ ਹੈ, ਤਾਂ ਉਸ ਨੇ ਸਾਡੇ ਪਾਪਾਂ ਦੀ ਖ਼ਾਤਰ ਮਰਨਾ ਨਹੀਂ ਸੀ (1 ਕੁਰਿੰਥੀਆਂ

15:3) ਅਤੇ ਸਾਡਾ ਸਭ ਦਾ ਨਾਮ ਹੋ ਜਾਂਦਾ (ਇਬਰਾਨੀਆਂ 9:22)!

ਇਸ ਦੇ ਇਲਾਵਾ, ਆਰਜ਼ੀ ਤੰਬੂ ਬਣਾਉਣ ਦੀ ਪੇਸ਼ਕਸ਼ ਕਰਦੇ ਹੋਏ ਪਤਰਸ ਨੂੰ ਪਤਾ ਨਹੀਂ ਸੀ ਕਿ ਉਹ ਕੀ ਕਹਿ ਰਿਹਾ ਹੈ:[20] ''ਮੈਂ ਤਿੰਨ ਡੇਰੇ ਬਣਾਵਾਂ; ਇਕ ਤੇਰੇ ਲਈ, ਇਕ ਮੂਸਾ ਲਈ ਅਤੇ ਇਕ ਏਲੀਯਾਹ ਲਈ।''[21] ਜੇ. ਡਬਲਯੂ. ਮੈਕਗਰਵੇ ਨੇ ਸੁਝਾਅ ਦਿੱਤਾ ਹੈ ਕਿ ਪਤਰਸ, ਮੂਸਾ ਅਤੇ ਏਲੀਯਾਹ ਨੂੰ ਰੋਕਣ ਦੀ ਕੋਸ਼ਿਸ਼ ਕੀਤੇ ਬਗ਼ੈਰ ਜਾਣ ਨਹੀਂ ਦੇ ਸਕਿਆ, ''ਜਦਕਿ ਸਭ ਤੋਂ ਵਧੀਆ ਲੋਭ ਉਹ ਉਨ੍ਹਾਂ ਤੇ ਮਸੀਹ ਦੇ ਰਹਿਣ ਲਈ ਦਰੱਖ਼ਤਾਂ ਦੀਆਂ ਟਹਿਣੀਆਂ ਦੇ ਤਿੰਨ ਡੇਰੇ ਜਾਂ ਤੰਬੂ ਬਣਾਉਣ ਦੀ ਪੇਸ਼ਕਸ਼ ਕਰ ਕੇ ਹੀ ਦੇ ਸਕਿਆ।''[22] ਧਿਆਨ ਦਿਓ ਕਿ ਇਹ ਕਿੰਨਾ ਫ਼ਜ਼ੂਲ ਸੀ: ਰੂਹਾਨੀ ਜੀਵਾਂ ਨੂੰ ਤੰਬੂਆਂ ਦਾ ਕੀ ਫ਼ਾਇਦਾ ਹੋਣਾ ਸੀ?

ਖ਼ਾਸ ਕਰ ਮੂਸਾ ਅਤੇ ਏਲੀਯਾਹ ਨੂੰ ਪ੍ਰਭੂ ਨਾਲ ਮਿਲਾਉਂਦੇ ਹੋਏ ਪਤਰਸ ਨੂੰ ਇਹ ਪਤਾ ਨਹੀਂ ਸੀ ਕਿ ਉਹ ਕੀ ਕਹਿ ਰਿਹਾ ਹੈ। ''ਮੈਂ ਇੱਥੇ ਤਿੰਨ ਡੇਰੇ ਬਣਾਵਾਂ... *ਇਕ ਤੇਰੇ ਲਈ, ਦੂਜਾ ਮੂਸਾ ਲਈ ਅਤੇ ਇਕ ਏਲੀਯਾਹ ਲਈ।''* ਅੱਜ ਬੜੇ ਲੋਕ ਇਹੀ ਗਲਤੀ ਕਰ ਰਹੇ ਹਨ। ਉਹ ਯਿਸੂ ਨੂੰ ਰੂਹਾਨੀ ਗੁਰੂਆਂ ਅਤੇ ਆਗੂਆਂ ਵਾਂਗ ਮੰਨਦੇ ਹਨ।[23] ਉਨ੍ਹਾਂ ਨੂੰ ਯਿਸੂ ਮੁਹੰਮਦ, ਬੁੱਧ ਅਤੇ ਕਈ ਹੋਰਨਾਂ ਨੂੰ ਆਦਰ ਦੇਣ ਲਈ ਬਹੁਤ ਸਾਰੇ ਤੰਬੂ ਬਣਾ ਕੇ ਚੰਗਾ ਲਗਦਾ ਹੈ। ਉਨ੍ਹਾਂ ਨੂੰ ਲੋੜ ਹੈ ਕਿ ਪਤਰਸ ਨੂੰ ਦਿੱਤੇ ਸੁਝਾਅ ਤੇ ਖ਼ੁਦਾ ਦੀ ਪ੍ਰਤੀਕਿਰਿਆ ਸਨੀ: ''ਅਜੇ ਉਹ ਬੋਲਦਾ ਹੀ ਸੀ ਕਿ ਵੇਖੋ ਇਕ ਜੋਤਮਾਨ ਬੱਦਲ ਨੇ ਉਨ੍ਹਾਂ ਉੱਤੇ ਛਾਉਂ ਕੀਤੀ ਅਤੇ ਵੇਖੋ ਉਸ ਬੱਦਲ ਵਿੱਚੋਂ ਇਹ ਆਵਾਜ਼ ਆਈ ਜੋ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ ਉਸ ਦੀ ਸੁਣੋ'' (ਮੱਤੀ 17:5)।

ਖ਼ੁਦਾ ਦੇ ਸ਼ਬਦ ਇਹ ਪਰਗਟ ਕਰਨ ਲਈ ਸਨ ਕਿ ''ਇਹ ਮੇਰਾ ਪਿਆਰਾ ਪੁੱਤਰ ਹੈ।'' ਇਨ੍ਹਾਂ ਤੋਂ ਖ਼ੁਦਾਈ ਮੰਜ਼ੂਰੀ ਦਾ ਸੰਕੇਤ ਮਿਲਦਾ ਹੈ ਕਿ ''ਜਿਸ ਤੋਂ ਮੈਂ ਪਰਸੰਨ ਹਾਂ।'' ਇਸ ਵਿਚ ਖ਼ੁਦਾਈ ਫ਼ਰਮਾਨ ਸੀ ਕਿ ''*ਇਸ ਦੀ* ਸੁਣੋ'' ਦੂਜੇ ਸ਼ਬਦਾਂ ਵਿਚ, ''ਨਾ ਮੂਸਾ ਦੀ ਸੁਣੋ; ਨਾ ਏਲੀਯਾਹ ਦੀ ਗੱਲ ਤੇ ਧਿਆਨ ਦਿਓ; ਸੁਣੋ ਤਾਂ ਸਿਰਫ਼ ਯਿਸੂ ਦੀ ਸੁਣੋ!''[24] ਅੱਜ ਅਸੀਂ ਇਸ ਵਿਚ ਜੋੜ ਸਕਦੇ ਹਾਂ, ''ਖ਼ੁਦਾ ਦਾ ਖ਼ਾਸ ਦੂਤ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਹੋਰ ਦੀ ਨਾ ਸੁਣੋ!''

### ਰਸੂਲ ਤਿਆਰ ਹੋਏ

ਚੌਥਾ ਮੱਤੀ 17:5 ਵਿਚ ਖ਼ੁਦਾ ਦੇ ਸ਼ਬਦਾਂ ਵਿਚ ਚੇਲਿਆਂ ਲਈ ਖ਼ਾਸ ਮਹੱਤਵ ਹੋਣਾ ਚਾਹੀਦਾ ਸੀ। ਇਹ ਮਸੀਹ ਦੀ ਆਪਣੀ ਆਉਣ ਵਾਲੀ ਮੌਤ ਦੀ ਨਬੂਵਤ ਦਾ ਵਿਰੋਧ ਕਰ ਰਹੇ ਸਨ (ਮੱਤੀ 16:21, 22)। ਸੰਦਰਭ ਵਿਚ, ਪਤਰਸ ਨੂੰ ਕਹੇ ਖ਼ੁਦਾ ਦੇ ਸ਼ਬਦ ਖ਼ਾਸ ਸਨ ਕਿ ''ਤੁਹਾਨੂੰ ਸਮਝ ਆਵੇ ਜਾਂ ਨਾ, ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋ ਜਾਂ ਨਹੀਂ, ਪਰ ਸੁਣੋ ਯਿਸੂ ਦੀ ਹੀ। ਉਹ ਬੇਹਤਰ ਜਾਣਦਾ ਹੈ'' ਜਿਹੜਾ ਰਾਹ ਸਾਨੂੰ ''ਸਹੀ ਲਗਦਾ'' ਹੈ, ਉਹ ਅਸਲ ਵਿਚ ''ਮੌਤ ਦਾ ਰਾਹ'' ਹੋ ਸਕਦਾ ਹੈ (ਕਹਾਉਤਾਂ 14:12; 16:25;)। ਸਾਡੀ ਬੁੱਧ ਸੀਮਤ ਹੀ ਹੁੰਦੀ ਹੈ, ਇਸ ਕਰਕੇ ਸਾਨੂੰ ''ਪਰਮੇਸ਼ੁਰ ਦੀ ਬੁੱਧ'' ਤੇ ਨਿਰਭਰ ਰਹਿਣਾ ਸਿੱਖਣ ਦੀ ਲੋੜ ਹੈ (ਅਫ਼ਸੀਆਂ 3:10)।

ਬੱਦਲ ਵਿੱਚੋਂ ਅਵਾਜ਼ ਆਉਣ ਤੇ ਚੇਲੇ ''ਮੂੰਹ ਪਰਨੇ ਡਿੱਗ ਗਏ ਅਤੇ ਬਹੁਤ ਡਰ ਗਏ'' (ਮੱਤੀ 17:6)। ਮਸੀਹ ਨੇ ਉਨ੍ਹਾਂ ਦੇ ਕੋਲ ਆਣ ਕੇ, ਉਨ੍ਹਾਂ ਨੂੰ ਪਿਆਰ ਨਾਲ ਛੂਹਿਆ ਅਤੇ ਕਿਹਾ, ''ਉੱਠੋ, ਨਾ ਡਰੋ'' (ਮੱਤੀ 17:7)। ਨਜ਼ਰਾਂ ਚੁੱਕਣ ਤੇ ''ਉਨ੍ਹਾਂ ਯਿਸੂ ਤੋਂ ਇਲਾਵਾ ਹੋਰ ਕਿਸੇ ਨੂੰ ਨਾ ਡਿੱਠਾ'' (ਮੱਤੀ 17:8)।

ਚੇਲਿਆਂ ਨੂੰ ਉਨ੍ਹਾਂ ਸਭ ਘਟਨਾਵਾਂ ਦੀ ਪੂਰੀ ਸਮਝ ਨਹੀਂ ਆਈ, ਪਰ ਉਨ੍ਹਾਂ ਯਿਸੂ ਦੀ ਖ਼ੁਦਾਈ ਵੇਖ ਲਈ। ਉਨ੍ਹਾਂ ਮੂਸਾ ਅਤੇ ਏਲੀਯਾਹ ਨੂੰ ਇਸ ਤੱਥ ਦੀ ਤਸਦੀਕ ਕਰਦੇ ਸੁਣਿਆ ਸੀ ਕਿ ਯਿਸੂ ਦਾ ਯਰੂਸ਼ਲਮ ਵਿਚ ਮਰਨਾ ਲਾਜ਼ਮੀ ਹੈ। ਪਵਿੱਤਰ ਆਤਮਾ ਨੇ ਬਾਅਦ ਵਿਚ ਉਨ੍ਹਾਂ ਨੂੰ ਸਭ ਗੱਲਾਂ ਯਾਦ

ਦੁਆਈਆਂ ਸਨ (ਯੂਹੰਨਾ 14:26); ਫਿਰ ਪਹੇਲੀ ਦੀ ਤੰਦ ਜੁੜ ਜਾਣੀ ਸੀ।[25] ਇਸ ਦੇ ਨਾਲ ਹੀ, ਘੱਟੋ ਘੱਟ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਤਾਂ ਚੰਗੀ ਤਿਆਰੀ ਮਿਲ ਗਈ।

## ਸਾਰ

ਉਸ ਪਹਾੜ ਤੇ ਮਹਿਮਾ ਪਾਏ ਪ੍ਰਭੂ ਨੂੰ ਵੇਖਣਾ ਰੁਮਾਂਚਕਾਰੀ ਨਹੀਂ ਰਿਹਾ ਹੋਵੇਗਾ? ਸਾਨੂੰ ਉਹ ਅਨੁਭਵ ਕਦੇ ਨਹੀਂ ਮਿਲ ਸਕੇਗਾ; ਪਰ ਜੇ ਅਸੀਂ ਉਸ ਦੇ ਵਿਸ਼ਵਾਸੀ ਹਾਂ, ਤਾਂ ਅਸੀਂ ਉਸ ਨੂੰ ਆਪਣੀ ਮਹਿਮਾ ਵਿਚ ਇਕ ਦਿਨ ਜ਼ਰੂਰ *ਵੇਖਾਂਗੇ।* ''ਇਹ ਜਾਣਦੇ ਹਾਂ ਕਿ ਜਦ ਉਹ ਪਰਗਟ ਹੋਵੇਗਾ ਤਾਂ ਉਹ ਜਿਹਾ ਹੈ ਤਿਹਾ ਹੀ ਉਸ ਨੂੰ ਵੇਖਾਂਗੇ!'' (1 ਯੂਹੰਨਾ 3:2)। ਇਕ ਦਿਨ ਅਸੀਂ ਮੂਸਾ ਅਤੇ ਏਲੀਯਾਹ ਨੂੰ ਵੀ ਸੁਰਗ ਵਿਚ ਵੇਖ ਸਕਦੇ ਹਾਂ!

ਸਵਾਲ ਇਹ ਹੈ ਕਿ ਉਹਦੀ ਅਤੇ ਸਿਰਫ਼ ਉਸਦੀ ਸੁਣਨ ਅਤੇ ਮੰਨਣ ਨੂੰ ਤਿਆਰ ਹਾਂ ਜਾਂ ਨਹੀਂ। ਆਪਣੇ ਕੰਨਾਂ ਵਿਚ ਖ਼ੁਦਾ ਦੀ ਆਵਾਜ਼ ਗੂੰਜਣ ਦਿਓ: ''ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈਂ ਪਰਸੰਨ ਹਾਂ, ਇਸ ਦੀ ਸੁਣੋ'' (ਮੱਤੀ 17:5)। ਉਸ ਦੀ ਸੁਣੋ, ਜਦੋਂ ਉਹ ਤੁਹਾਨੂੰ ਵਿਸ਼ਵਾਸ ਕਰਨ ਲਈ ਆਖਦਾ ਹੈ (ਯੂਹੰਨਾ 3:16; 8:24)। ਉਸ ਦੀ ਸੁਣੋ, ਜਦੋਂ ਉਹ ਤੁਹਾਨੂੰ ਤੌਬਾ ਕਰਨ ਲਈ ਆਖਦਾ ਹੈ (ਲੂਕਾ 13:3)। ਉਸ ਦੀ ਸੁਣੋ, ਜਦੋਂ ਉਹ ਤੁਹਾਨੂੰ ਆਪਣਾ ਇਕਰਾਰ ਕਰਨ ਲਈ ਨੂੰ ਆਖਦਾ ਹੈ (ਮੱਤੀ 10:32, 33)। ਉਸ ਦੀ ਸੁਣੋ, ਜਦੋਂ ਉਹ ਤੁਹਾਨੂੰ ਬਪਤਿਸਮਾ ਲੈਣ ਲਈ ਆਖਦਾ ਹੈ (ਮਰਕੁਸ 16:15, 16)। ਉਸ ਦੀ ਸੁਣੋ, ਜਦੋਂ ਉਹ ਮਸੀਹੀ ਜ਼ਿੰਦਗੀ ਜੀਣ ਲਈ ਆਖਦਾ ਹੈ (ਲੂਕਾ 9:23)। ਅੱਜ ਹੀ ਉਸ ਦੀ ਸੁਣੋ ਅਤੇ ਉਸ ਦੀ ਇੱਛਾ ਤੇ ਚੱਲੋ!

---

ਟਿੱਪਣੀਆਂ

[1]ਇਸ ਸਰਮਨ ਜੀ. ਕੈਂਪਬੈਲ ਮੌਰਗਨ, *ਦ ਕ੍ਰਾਈਸਿਸ ਆਫ਼ ਕ੍ਰਾਈਸਟ* (ਨਿਊ ਯਾਰਕ: ਫਲੇਮਿੰਗ ਐੱਚ. ਰੇਵਲ ਕੰ., 1936), 215–67. ਤੋਂ ਲਿਆ ਗਿਆ ਸੀ। ਮੌਰਗਨ ਨੇ ਯਿਸੂ ਦੇ ਰੂਪ ਬਦਲਣ ਤੇ ਤਿੰਨ ਅਧਿਆਇ ਸ਼ਾਮਿਲ ਕੀਤੇ। [2]ਮਰਕੁਸ ਵਿਚ ਵੀ ''ਛੇ ਦਿਨਾਂ ਬਾਅਦ'' ਹੈ (ਮਰਕੁਸ 9:2), ਪਰ ਲੂਕਾ ਵਿਚ ''ਇਨ੍ਹਾਂ ਦਿਨਾਂ ਦੇ *ਅੱਠ* ਕੁ ਦਿਨਾਂ ਬਾਅਦ'' ਹੈ (ਲੂਕਾ 9:28)। ਮੱਤੀ ਅਤੇ ਮਰਕੁਸ ਦੇ ਦਿਨਾਂ ਦੀ ਗਿਣਤੀ ਦੀਆਂ ਘਟਨਾਵਾਂ ਦੇ ਵਿਚ ਦੀ, ਜਦਕਿ ਲੂਕਾ ਨੇ ਉਨ੍ਹਾਂ ਦੋ ਦਿਨਾਂ ਨੂੰ ਮਿਲਾ ਲਿਆ ਹੈ। ਅੱਜ, ਜਿੱਥੇ ਅਸੀਂ ਰਹਿੰਦੇ ਹਾਂ ਉੱਥੇ ਅਸੀਂ ਕਹਾਂਗੇ ''ਹਫ਼ਤੇ ਬਾਅਦ।'' ਜੇ ਸਬੂਤ ਚਾਹੀਦਾ ਹੈ ਕਿ ਲੇਖਕਾਂ ਨੇ ਇਕ–ਦੂਜੇ ਦੀ ਨਕਲ ਕਿਉਂ ਨਹੀਂ ਕੀਤੀ, ਤਾਂ ਇਹ ਕਾਫ਼ੀ ਹੈ। [3]ਤੁਸੀਂ ਛੇ ਦਿਨ ਪਹਿਲਾਂ ਹੋਣ ਵਾਲੀਆਂ ਘਟਨਾਵਾਂ ਨੂੰ ਵਿਸਤਾਰ ਦੇ ਸਕਦੇ ਹੋ। [4]ਉਦਾਹਰਣ ਵੱਜੋਂ, ਪਤਰਸ ਦਾ ਉਸਦੀ ਅਗਵਾਈ ਵਿਚ ਵਧਣਾ ਅਤੇ ਯਾਕੂਬ ਦਾ ਸ਼ਹਾਦਤ ਲਈ ਤਿਆਰ ਹੋਣਾ ਲਾਜ਼ਮੀ ਸੀ (ਰਸੂਲਾਂ ਦੇ ਕੰਮ 12:2)। [5]ਪਤਰਸ ਨੇ ਇਸ ਨੂੰ ''ਪਵਿੱਤਰ ਪਹਾੜ'' ਹੀ ਆਖਿਆ (2 ਪਤਰਸ 1:18)। [6]ਇਸ ਕਿਤਾਬ ਵਿਚ ''ਯਿਸੂ ਦੀ ਸੇਵਕਾਈ ਦੌਰਾਨ ਫ਼ਲਿਸਤੀਨ'' ਦਾ ਨਕਸ਼ਾ ਵੇਖੋ। [7]ਗੌਰਡਨ ਪੌਵਲ, *ਡਿਫ਼ੀਕਲਟ ਸੇਇੰਗਜ਼ ਆਫ਼ ਜੀਜ਼ਸ* (ਪੰਨਾ ਰਹਿਤ: ਫ਼ਲੇਮਿੰਗ ਐੱਚ. ਰੇਵਲ ਕੰ., 1962), 63. [8]ਸੁੰਢੀ ਦੇ ਤਿਤਲੀ ਬਣਨ ਤੇ ਵਿਚਾਰ ਕਰੋ। ਵਿੱਲ ਐਡ ਵਾਰੇਨ ਨੇ ਲਿਖਿਆ ਹੈ, ''ਦੋ ਹੋਰ ਥਾਂ *[ਨਵੇਂ ਨੇਮ]* ਅੰਦਰੂਨੀ ਤੇ ਰੂਹਾਨੀ ਰੂਪ ਬਦਲਣ ਦੇ ਹਵਾਲੇ ਨਾਲ ਇਸ ਸ਼ਬਦ ਦੀ ਵਰਤੋਂ ਹੋਈ ਹੈ (2 ਕੁਰਿੰਥੀਆਂ 3:18; ਰੋਮੀਆਂ 12:2)'' (ਵਿੱਲ ਐਡ ਵਾਰੇਨ, ਕਲਾਸ ਸਿਲੇਬਸ, ਦ ਲਾਈਫ਼ ਆਫ਼ ਕ੍ਰਾਈਸਟ: ਦ ਸਿਨੌਪਟਿਕ ਗੌਸਪਲਜ਼, ਹਾਰਡਿੰਗ ਯੂਨੀਵਰਸਿਟੀ, 1991, 71)। [9]ਕਪੜਿਆਂ ਨੂੰ ਚਿੱਟੇ ਦੁੱਧ ਬਣਾਉਣ ਲਈ ਵਰਤੇ ਜਾਣ ਵਾਲੇ ਬਲੀਚ ਅਤੇ ਨੀਲ ਤੇ ਵਿਚਾਰ ਕਰੋ। [10]ਕਈ ਵਾਰ, ਲੋਕਾਂ ਨੂੰ ਉਸ ਦੇ ਜਲਾਲ ਅਤੇ ਖ਼ੁਦਾਈ ਦੀ ਕੁਝ–ਕੁਝ ਝਲਕ ਮਿਲੀ ਹੋ ਸਕਦੀ ਹੈ। ਇਹ, ਇਹ ਸਮਝਣ ਲਈ ਮਦਦਗਾਰ

ਹੋਵੇਗਾ ਕਿ ਦੋ ਵਾਰ ਹੈਕਲ ਨੂੰ ਸ਼ੁੱਧ ਕਰਨ ਤੇ ਉਸ ਨੂੰ ਕਿਸੇ ਨੇ ਰੋਕਿਆ ਨਹੀਂ ਅਤੇ ਉਸ ਨੂੰ ਮਾਰਨ ਲਈ ਉਤਾਰੂ ਭੀੜ ਵਿੱਚੋਂ ਬਿਨਾਂ ਕਿਸੇ ਨੁਕਸਾਨ ਕਿਵੇਂ ਨਿਕਲ ਗਿਆ। ਪਰ, ਪਤਰਸ ਯਾਕੂਬ ਅਤੇ ਯੂਹੰਨਾ ਵਾਂਗ ਹੋਰ ਕਿਸੇ ਨੂੰ ਉਸ ਦੀ ਪੂਰੇ ਜਲਾਲ ਵਿਚ ਵੇਖਣ ਦੀ ਇਜਾਜ਼ਤ ਨਹੀਂ ਸੀ।

[11]KJV ਵਿਚ ਇਬਰਾਨੀ ਸ਼ਬਦ ''ਏਲੀਯਾਹ'' ਦਾ ਯੂਨਾਨੀ ਰੂਪ ''ਏਲਿਯਾਸ'' ਹੈ। ਵੱਖ ਵੱਖ ਭਾਸ਼ਾਵਾਂ ਵਿਚ ਬਹੁਤ ਸਾਰੇ ਨਾਵਾਂ ਦੇ ਵੱਖ ਵੱਖ ਰੂਪ ਹੁੰਦੇ ਹਨ ਜਿਵੇਂ ''ਜੌਨ'' ਨੂੰ ਯੂਹੰਨਾ, ਯੂਆਨ, ਯੋਹਨ, ਜਾਨ ਵੀ ਆਖਿਆ ਜਾਂਦਾ ਹੈ। ਇਹ ਕੁਝ ਉਲਝਾਉਣ ਵਾਲਾ ਹੈ, ਇਸ ਕਰਕੇ ਵਧੇਰੇ ਅਨੁਵਾਦਾਂ ਵਿਚ ਵਧੇਰੇ ਪ੍ਰਚੱਲਿਤ ''ਏਲੀਯਾਹ'' ਹੀ ਵਰਤਿਆ ਗਿਆ ਹੈ। [12]ਪਤਰਸ ਅਤੇ ਦੂਜੇ ਚੇਲਿਆਂ ਨੂੰ ਕਿਵੇਂ ਪਤਾ ਲੱਗਾ ਕਿ ਮੂਸਾ ਅਤੇ ਏਲੀਯਾਹ ਕਿੱਥੇ ਹਨ? ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਲਾਹੀ ਬੁੱਧ ਮਿਲੀ ਹੋਵੇ। ਹੋ ਸਕਦਾ ਹੈ ਕਿ ਉਨ੍ਹਾਂ ਨੇ ਯਿਸੂ ਨੂੰ ਉਨ੍ਹਾਂ ਦਾ ਨਾਂਅ ਲੈ ਕੇ ਗੱਲਾਂ ਕਰਦੇ ਸੁਣਿਆ ਹੋਵੇ। ਇਸ ਬਾਰੇ ਬਾਈਬਲ ਵਿਚ ਸਾਫ਼ ਤੌਰ ਤੇ ਨਹੀਂ ਕਿਹਾ ਗਿਆ। ਇਕ ਦਿਲਚਸਪ ਟਿੱਪਣੀ ਹੈ ਕਿ ਮੌਤ ਦੇ ਬਾਅਦ ਵੀ, ਮੂਸਾ ਅਜੇ ਮੂਸਾ ਹੀ ਸੀ, ਏਲੀਯਾਹ ਅਜੇ ਵੀ ਏਲੀਯਾਹ ਹੀ ਸੀ ਅਤੇ ਉਨ੍ਹਾਂ ਨੂੰ (ਜਿਵੇਂ ਕਿਵੇਂ) ਪਛਾਣਿਆ ਜਾ ਸਕਦਾ ਸੀ। ਬਾਰ-ਬਾਰ ਇਹ ਪੁੱਛੇ ਜਾਣ ਵਾਲੇ ਸਵਾਲ ਕਿ ''ਕੀ ਸੁਰਗ ਵਿਚ ਅਸੀਂ ਇਕ ਦੂਜੇ ਨੂੰ ਜਾਣਦੇ ਹੋਵਾਂਗੇ?'' ਦਾ ਜਵਾਬ ਦੇਣ ਵਿਚ ਬਾਈਬਲ ਦਾ ਜਵਾਬ ਹੈ ਕਿ ''ਹਾਂ।'' [13]ਤੁਹਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਝਲਕ ਵਿਖਾਉਣ ਲਈ ਸਮਾਂ ਕੱਢੋ। [14]ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਉਨ੍ਹਾਂ ਦੋਹਾਂ ਦੇ ਚੁਣੇ ਜਾਣ ਦਾ ਕਾਰਣ ਇਹ ਸੀ ਕਿ ਮੂਸਾ ਸ਼ਰ੍ਹਾ ਦੀ ਨੁਮਾਇੰਦਗੀ ਕਰਦਾ ਸੀ, ਜਦਕਿ ਏਲੀਯਾਹ ਨਬੀਆਂ ਦੀ, ਸੋ ਯਿਸੂ ਦੀ ਖ਼ੁਦਾਈ ਦੇ ਦੋਵੇਂ ਵੱਡੇ ਗਵਾਹ ਸਨ (ਯੂਹੰਨਾ 1:45; ਵੇਖੋ ਲੂਕਾ 24:44)। ਯਿਸੂ ਦੀ ਜ਼ਿੰਦਗੀ ਨਾਲ ਜੁੜੀਆਂ ਹੋਰ ਗੱਲਾਂ ਵਿਚ ਸੁਝਾਅ ਹੈ ਕਿ ਇਹ ਤਿੰਨਾਂ ਨੂੰ ਪਹਾੜ ਦੀ ਚੋਟੀ ਦੇ ਅਦਭੁਤ ਤਜਰਬੇ ਸਨ; ਤਿੰਨਾਂ ਦੀਆਂ ਜ਼ਿੰਦਗੀਆਂ ਦਾ ਅੰਤ ਨਿਰਾਲਾ ਸੀ (ਮੂਸਾ ਦੇ ਸਬੰਧ ਵਿਚ, ਵੇਖੋ ਵਿਵਸਥਾਸਾਰ 34:6; ਏਲੀਯਾਹ ਦੇ ਸਬੰਧ ਵਿਚ ਵੇਖੋ 2 ਰਾਜਿਆਂ 2:11) । [15]ਜੇ ਅਜਿਹੀ ਗੱਲਬਾਤ ਹੋਈ ਸੀ, ਤਾਂ ਮੈਂ ਕਲਪਨਾ ਕਰ ਸਕਦਾ ਹਾਂ ਕਿ ਇਹ ਗੱਲਬਾਤ ਕਿਹੋ ਜਿਹੀ ਰਹੀ ਹੋਵੇਗੀ: ''ਯਿਸੂ ਨੇ ਕਿਹਾ, 'ਮੈਂ ਤੁਹਾਨੂੰ ਆਪਣੇ ਮੰਦ ਬੁੱਧੀ ਚੇਲਿਆਂ ਬਾਰੇ ਦੱਸਦਾ ਹਾਂ।' ਮੂਸਾ ਨੇ ਕਿਹਾ, 'ਮੈਂ ਢੀਠ ਇਸਰਾਏਲੀਆਂ ਬਾਰੇ ਦੱਸਦਾ ਹਾਂ!' ਅਤੇ ਏਲੀਯਾਹ ਨੇ ਆਖਿਆ, ਇਹ ਤਾਂ ਕੁਝ ਵੀ ਨਹੀਂ! ਮੈਂ ਤੁਹਾਨੂੰ ਅਹਾਬ ਅਤੇ ਈਜ਼ਬਲ ਬਾਰੇ ਦੱਸਦਾ ਹਾਂ!' '' [16]KJV ਵਿਚ, ''ਮੌਤ'' ਹੈ। [17]ਯੂਨਾਨੀ ਸ਼ਬਦ *exodon* ਹੈ, ਜੋ ਕਿ *exodos* ਦਾ ਕਰਮ ਕਾਰਕ ਰੂਪ ਹੈ। ਪਤਰਸ ਨੇ ਬਾਅਦ ਵਿਚ ਆਪਣੀ ਮੌਤ ਦੇ ਸਬੰਧ ਵਿਚ ਇਹੀ ਸ਼ਬਦ ਵਰਤਿਆ (2 ਪਤਰਸ 1:15)। [18]ਕਈ ਵਾਰ ਨੇਕ ਸਾਮਰੀ ਦੀ ਇਹ ਉਦਾਹਰਣ ਵਰਤੀ ਜਾਂਦੀ ਹੈ, ਜਿਸ ਨੇ ਸਰਾਂ ਦੇ ਮਾਲਕ ਨੂੰ ਪੈਸੇ ਦਿੰਦੇ ਹੋਏ ਕਿਹਾ ਸੀ, ''ਇਹ *[ਜ਼ਖ਼ਮੀ ਆਦਮੀ]* ਦੀ ਟਹਿਲ ਟਕੋਰ ਕਰਦਾ ਰਹੀਂ, ਅਰ ਜੋ ਕੁਝ ਤੇਰਾ ਹੋਰ ਲੱਗੂ ਸੋ ਮੈਂ ਜਾਂ ਮੁੜ ਆਵਾਂ ਤੇਰਾ ਭਰ ਦਿਆਂਗਾ'' (ਲੂਕਾ 10:35) । ਜਦ ਉਹ ਜ਼ਖ਼ਮੀ ਠੀਕ ਹੋ ਗਿਆ ਅਤੇ ਉੱਥੋਂ ਜਾਣ ਨੂੰ ਤਿਆਰ ਸੀ, ਉਸ ਦੇ ਬਿੱਲ ਪੁੱਛਣ ਤੇ ਪੁੱਛਿਆ, ਤਾਂ ਸਰਾਂ ਦੇ ਮਾਲਕ ਨੇ ਉਸ ਨੂੰ ਇੰਜ ਕਿਹਾ ਹੋਵੇਗਾ ''ਫ਼ਿਕਰ ਨਾ ਕਰ। ਮੈਂ ਵੇਖ ਲਵਾਂਗਾ।'' ਪਰ ਉਸ ਦਾ ਕਰਜ਼ਾ ਲਾਹੁਣ ਲਈ ਸਾਮਰੀ ਦੇ ਪਰਤਣ *ਦੀ ਗੱਲ* ਨੇ ਹਿਸਾਬ ਬਰਾਬਰ ਕਰ ਦਿੱਤਾ ਸੀ। [19]ਮੈਂ ਪਤਰਸ ਨਾਲ ਆਪਣੇ ਆਪ ਨੂੰ ਮਿਲਾ ਸਕਦਾ ਹਾਂ। ਲੋਕ ਅਕਸਰ ਇਹ ਵਿਚਾਰ ਕੀਤੇ ਬਗੈਰ ਕਿ ਉਹ ਕੀ ਬੋਲ ਰਹੇ ਹਨ, ਬੋਲ ਦਿੰਦੇ ਹਨ। ਕਈ ਵਾਰ ਇਸ ਵਾਕ ਅੰਸ਼ ਦੀ ਵਰਤੋਂ, ''ਮੂੰਹ ਖੋਲ੍ਹੋ, ਪੈਰ ਪਾਓ'' ਦੇ ਰੂਪ ਵਿਚ ਕਰਦੇ ਹਨ। [20]ਯੂਨਾਨੀ ਸ਼ਬਦ ਦੇ ਅਨੁਵਾਦ ''ਡੇਰਾ'' ਦਾ ਮਤਲਬ ਯਹੂਦੀਆਂ ਵੱਲੋਂ ਬਣਾਏ ਗਏ ਡੇਰਿਆਂ/ਤੰਬੂਆਂ ਦੇ ਪਰਬ ਦੇ ਜਸ਼ਨ ਲਈ ਆਰਜ਼ੀ ਢਾਂਚਾ ਹੈ। ਜਦੋਂ ਮੈਂ ਜਵਾਨ ਸਾਂ, ਤਾਂ ਜਿੱਥੇ ਅਸੀਂ ਰਹਿੰਦੇ ਸਾਂ ਉੱਥੇ ''ਤੰਬੂ'' ਬਣਾਏ ਜਾਂਦੇ ਸਨ। ਜਿੱਥੇ ਅਸੀਂ ਰਹਿੰਦੇ ਹਾਂ, ਅਜਿਹਾ ਹੀ ਅਰਥ ਦੇਣ ਵਾਲੇ ਸ਼ਬਦ ਦੀ ਵਰਤੋਂ ਕਰਦੇ ਹਨ।

[21]ਡੇਰਿਆਂ ਦੇ ਪਰਬ ਦਾ ਸਮਾਂ ਦੂਰ ਨਹੀਂ ਸੀ (ਯੂਹੰਨਾ 7:2), ਇਸ ਲਈ ਕੁਝ ਲੇਖਕਾਂ ਦਾ ਮੰਨਣਾ ਹੈ ਕਿ ਪਤਰਸ ਇਹ ਪੇਸ਼ਕਸ਼ ਰੱਖ ਰਿਹਾ ਸੀ ਕਿ ਉਸ ਪਰਬ ਨੂੰ ਯਰੂਸ਼ਲਮ ਦੀ ਬਜਾਇ ਪਹਾੜ ਤੇ ਮਨਾਉਣ। [22]ਜੇ. ਡਬਲਯੂ. ਮੈਕਗਰਵੇ ਐਂਡ ਫਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ*

*ਆਫ਼ ਦ ਫ਼ੋਰ ਗੌਸਪਲਜ਼,* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 419, [23]ਕਈ ਧਰਮਾਂ ਦੇ ਲੋਕ ਯਿਸੂ ਨੂੰ ਕਿਸੇ ਹੋਰ ਧਾਰਮਿਕ ਆਗੂਆਂ ਵਾਂਗ ਹੀ ਮੰਨਣ ਨੂੰ ਤਿਆਰ ਹਨ, ਪਰ ਉਹ ਉਸ ਨੂੰ ਪ੍ਰਭੂ ਅਤੇ ਪਰਮੇਸ਼ੁਰ ਮੰਨਣ ਨੂੰ ਤਿਆਰ ਨਹੀਂ। ਅਫ਼ਸੋਸ ਕਿ ਮਸੀਹੀ ਹੋਣ ਦਾ ਦਾਅਵਾ ਕਰਨ ਵਾਲੇ ਕੁਝ ਲੋਕ ਵੀ ਯਿਸੂ ਬਾਰੇ ਅਜਿਹੀ ਹੀ ਸੋਚ ਰੱਖਦੇ ਹਨ। ਜਿੱਥੇ ਤੁਸੀਂ ਰਹਿੰਦੇ ਹੋ, ਉੱਥੋਂ ਦੇ ਧਾਰਮਿਕ ਹਾਲਾਤ ਲਈ ਇਹ ਪ੍ਰਾਸੰਗਿਕਤਾ ਬਣਾਓ। [24]ਸ਼ਰ੍ਹਾ ਦੀ ਥਾਂ ਯਿਸੂ ਦੀ ਨਵੀਂ ਸ਼ਰ੍ਹਾ ਰਾਹੀਂ ਲਏ ਜਾਣ ਦੀ ਪ੍ਰਕਿਰਿਆ ਜਾਰੀ ਸੀ (ਕੁਲੁੱਸੀਆਂ 2:14; ਇਬਰਾਨੀਆਂ 9:16, 17): ''ਇਨ੍ਹਾਂ ਦਿਨਾਂ ਦੇ ਅੰਤ ਵਿਚ *[ਖ਼ੁਦਾ ਨੇ]* ਸਾਡੇ ਨਾਲ *ਆਪਣੇ ਪੁੱਤਰ ਦੇ ਰਾਹੀਂ* ਗੱਲ ਕੀਤੀ ਹੈ'' (ਇਬਰਾਨੀਆਂ 1:2)। [25]ਇਸ ਵਾਕ ਦੇ ਅਖ਼ੀਰ ਵਿਚ ਵਰਤਿਆ ਗਿਆ ਅਲੰਕਾਰ ਇਕ ਪਹੇਲੀ ਹੈ। ਜੇ ਤੁਹਾਡੇ ਸੁਣਨ ਵਾਲੇ ਇਸ ਅਲੰਕਾਰ ਤੋਂ ਵਾਕਫ਼ ਨਹੀਂ ਹਨ ਤਾਂ ਤੁਸੀਂ ਕਹਿ ਸਕਦੇ ਹੋ, ''ਅਤੇ ਗਹਿਰਾ ਅਰਥ ਹੋਰ ਸਾਫ਼ ਹੋ ਜਾਣਾ ਸੀ।''